# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ
# ਪ੍ਰੈਸ ਨੋਟ

## ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ ਨੇ ਵਾਰਡ ਨੰ:35 ਦੇ ਕਮੇਟੀ ਚੋਕ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਲਗਣ ਵਾਲੇ ਟਿਊਬਵੈਲ ਦੇ ਕੰਮ ਦੀ ਕੀਤੀ ਸ਼ੁਰੂਆਤ

ਹੁਸ਼ਿਆਰਪੁਰ 21 ਦੰਸਬਰ    ਨਗਰ ਨਿਗਮ ਦੇ ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ ਨੇ ਵਾਰਡ ਨੰ:35 ਕਮੇਟੀ ਚੋਕ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਲਗਣ ਵਾਲੇ ਟਿਊਬਵੈਲ ਦੀ ਕੰਮ ਦੀ ਸੁਰੂਆਤ ਕੀਤੀ। ਇਸ ਮੋਕੇ ਉਹਨਾਂ ਦੱਸਿਆ ਕਿ ਵਾਰਡ ਨੰ:35 ਦੇ ਕੌਂਸਲਰ ਨਿਪੁੰਨ ਸਰਮਾ ਨੇ ਮੁਹੱਲਾ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਮੰਗ ਨੂੰ ਪੂਰਾ ਕਰਨ ਲਈ ਨਗਰ ਨਿਗਮ ਦੇ ਧਿਆਨ ਵਿੱਚ ਲਿਆਂਦਾ ਸੀ।ਮੁਹੱਲਾ ਨਿਵਾਸੀਆ ਦੇ ਮੰਗ ਨੂੰ ਪੂਰਾ ਕਰਨ ਲਈ ਇਹ ਟਿਊਬਵੈਲ  ਲਗਾਇਆ ਜਾ ਰਿਹਾ ਹੈ।ਇਸ ਦੇ ਲੱਗਣ ਨਾਲ ਮੁਹੱਲਾ ਕਮੇਟੀ ਬਜਾਰ, ਪ੍ਰਲਾਦ ਨਗਰ, ਰਾਮ ਨਗਰ,ਅਸ਼ੋਕ ਨਗਰ,ਆਦ ਮੁਹੱਲਿਆਂ ਨੂੰ ਨਿਰਵਿਘਨ ਪੀਣ ਵਾਲੇ ਪਾਣੀ ਦੀ ਸਹੂਲਤ ਮਿਲੇਗੀ। ਵਾਰਡ ਨੰ:35 ਦੇ ਕੌਂਸਲਰ ਨਿਪੁੰਨ ਸਰਮਾ ਅਤੇ ਮੁਹੱਲਾ ਵਾਸੀਆਂ ਨੇ ਸੀਨੀਅਰ ਡਿਪਟੀ ਮੇਅਰ ਵਲੋਂ ਟਿਊਬਵੈਲ ਲਗਾਉਣ ਦਾ ਸੁਰੂ ਕਰਨ ਦੇ ਉਹਨਾਂ ਦਾ ਧੰਨਵਾਦ ਕੀਤਾ।

ਨਗਰ ਨਿਗਮ ਦੇ ਐਸ.ਡੀ.ੳ ਕੁਲਦੀਪ ਸਿੰਘ, ਜੇ..ਈ ਲਵਦੀਪ ਸਿੰਘ, ਜੇ.ਈ (ਮਕੈਨੀਕਲ) ਅਸ਼ਵਨੀ ਸ਼ਰਮਾ, ਕ੍ਰਿਸ਼ਨ ਲਾਲ ਸਰਮਾ,ਅਰਵਿੰਦ ਸਰਮਾ ਮੂਕਲ ਕੇਸਰ,ਅਨਿਲ ਡੋਗਾਰਾ, ਰਜੀਵ ਸੈਣੀ, ਸਨੀਲ ਸੈਣੀ,ਦੀਪਕ ਵਾਲੀਆਂ,ਸ਼ੰਜੀਵ ਕੁਮਾਰ, ਸਰਿੰਦਰ ਕੁਮਾਰ,ਐਜ਼ ਠਾਕੁਰ,ਸਨੀਲ ਕੁਮਾਰ,ਅਨਿਲ ਸੇਠੀ,ਮੰਜੂ ਦੇਵੀ,ਤਨੂ ਚਾਹਲ,ਰੋਜੀ,ਸਕੁੰਤਲਾ ਦੇਵੀ,ਰਮਾ, ਅਤੇ ਮੁਹੱਲਾ ਨਿਵਾਸੀ ਇਸ ਮੋਕੇ ਤੇ ਹਾਜਰ ਸਨ।